ਮਿੱਠੇ ਬੱਚੇ:- "ਮਿੱਠੇ ਬੱਚੇ :- ਨਿਸ਼ਚੇ ਕਰੋ ਕਿ ਅਸੀਂ ਆਤਮਾ ਹਾਂ, ਇਹ ਸਾਡਾ ਸ਼ਰੀਰ ਹੈ, ਇਸ ਵਿੱਚ ਸਾਕਸ਼ਾਤਕਾਰ ਦੀ ਕੋਈ ਗੱਲ ਨਹੀਂ, ਆਤਮਾ ਦਾ ਸਾਕਸ਼ਾਤਕਾਰ ਵੀ ਹੋਵੇ ਤਾਂ ਸਮਝ ਨਹੀਂ ਸਕਣਗੇ"

ਪ੍ਰਸ਼ਨ:- ਬਾਪ ਦੀ ਕਿਸ ਸ਼੍ਰੀਮਤ ਤੇ ਚੱਲਣ ਨਾਲ ਗਰਭ ਜੇਲ੍ਹ ਦੀਆਂ ਸਜ਼ਾਵਾਂ ਤੋਂ ਛੁੱਟ ਜਾਂਦੇ ਹਨ?

ਉੱਤਰ:- ਬਾਪ ਦੀ ਸ਼੍ਰੀਮਤ ਹੈ - ਬੱਚੇ ਨਸ਼ਟੋਮੋਹਾ ਬਣੋ, ਇੱਕ ਬਾਪ ਦੂਸਰਾ ਨਾ ਕੋਈ, ਤੁਸੀਂ ਸਿਰਫ਼ ਮੈਨੂੰ ਯਾਦ ਕਰੋ ਹੋਰ ਕੋਈ ਵੀ ਪਾਪ ਕਰਮ ਨਾ ਕਰੋ ਤਾਂ ਗਰਭਜੇਲ੍ਹ ਦੀਆਂ ਸਜਾਵਾਂ ਤੋਂ ਛੁੱਟ ਜਾਵੋਗੇ। ਇੱਥੇ ਤੁਸੀਂ ਜਨਮ ਜਨਮਾਂਤਰ ਜੇਲ੍ਹ ਬਰਡ ਬਣਦੇ ਆਏ, ਹੁਣ ਬਾਪ ਆਏ ਹਨ ਉਹਨਾਂ ਸਜਾਵਾਂ ਤੋਂ ਬਚਾਉਣ। ਸਤਿਯੁਗ ਵਿੱਚ ਗਰਭ ਜੇਲ੍ਹ ਹੁੰਦਾ ਨਹੀਂ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ - ਆਤਮਾ ਕੀ ਹੈ ਅਤੇ ਉਹਨਾਂ ਦਾ ਬਾਪ ਪਰਮਾਤਮਾ ਕੌਣ ਹੈ? ਇਸਨੂੰ ਫਿਰ ਤੋਂ ਸਮਝਾਉਂਦੇ ਹਨ ਕਿਉਂਕਿ ਇਹ ਤਾਂ ਹੈ ਪਤਿਤ ਦੁਨੀਆਂ। ਪਤਿਤ ਹਮੇਸ਼ਾ ਬੇਸ਼ਮਝ ਹੁੰਦੇ ਹਨ। ਪਾਵਨ ਦੁਨੀਆਂ ਸਮਝਦਾਰ ਹੁੰਦੀ ਹੈ। ਭਾਰਤ ਵਿਚ ਪਾਵਨ ਦੁਨੀਆਂ ਮਤਲਬ ਦੇਵੀ - ਦੇਵਤਾਵਾਂ ਦਾ ਰਾਜ ਸੀ, ਇਹਨਾਂ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਬੜੇ ਧੰਨਵਾਨ, ਸੁਖੀ ਸਨ ਪਰ ਭਾਰਤਵਾਸੀ ਇਹਨਾਂ ਗੱਲਾਂ ਨੂੰ ਸਮਝਦੇ ਨਹੀਂ। ਬਾਪ, ਪਰਮਪਿਤਾ ਮਤਲਬ ਰਚਤਾ ਨੂੰ ਹੀ ਨਹੀਂ ਜਾਣਦੇ। ਮਨੁੱਖ ਹੀ ਜਾਣ ਸਕਦੇ ਹਨ, ਜਾਨਵਰ ਤਾਂ ਨਹੀਂ ਜਾਨਣਗੇ ਨਾ। ਯਾਦ ਵੀ ਕਰਦੇ ਹਨ - ਹੇ ਪਰਮਪਿਤਾ ਪਰਮਾਤਮਾ। ਉਹ ਪਾਰਲੌਕਿਕ ਫ਼ਾਦਰ ਹੈ। ਆਤਮਾ ਯਾਦ ਕਰਦੀ ਹੈ ਆਪਣੇ ਪਰਮਪਿਤਾ ਪਰਮਾਤਮਾ ਨੂੰ। ਇਸ ਸ਼ਰੀਰ ਨੂੰ ਜਨਮ ਦੇਣ ਵਾਲਾ ਤਾਂ ਲੌਕਿਕ ਫ਼ਾਦਰ ਹੈ ਅਤੇ ਉਹ ਪਰਮਪਿਤਾ ਪਰਮਾਤਮਾ ਹੈ ਪਾਰਲੌਕਿਕ ਫਾਦਰ, ਆਤਮਾਵਾਂ ਦਾ ਬਾਪ। ਮਨੁੱਖ ਲਕਸ਼ਮੀ - ਨਾਰਾਇਣ ਦੀ ਪੂਜਾ ਕਰਦੇ ਹਨ, ਸਮਝਦੇ ਵੀ ਹਨ ਇਹ ਸਤਿਯੁਗ ਵਿੱਚ ਸੀ ਅਤੇ ਰਾਮ - ਸੀਤਾ ਤ੍ਰੇਤਾ ਵਿੱਚ ਸਨ। ਬਾਪ ਆਕੇ ਸਮਝਾਉਂਦੇ ਹਨ - ਬੱਚੇ, ਤੁਸੀਂ ਮੈਨੂੰ ਪਾਰਲੌਕਿਕ ਬਾਪ ਨੂੰ ਜਨਮ -ਜਨਮਾਂਤਰ ਯਾਦ ਕਰਦੇ ਆਏ ਹੋ। ਗੋਡ ਫ਼ਾਦਰ ਤਾਂ ਜਰੂਰ ਨਿਰਾਕਾਰ ਹੋਇਆ ਨਾ। ਸਾਡੀ ਆਤਮਾ ਵੀ ਨਿਰਾਕਾਰ ਹੈ ਨਾ। ਇੱਥੇ ਆਕੇ ਸਾਕਾਰ ਬਣੀ ਹੈ। ਇਹ ਥੋੜੀ -ਜਿਹੀ ਗੱਲ ਵੀ ਕਿਸੇ ਦੀ ਬੁੱਧੀ ਵਿੱਚ ਨਹੀਂ ਆਉਂਦੀ। ਉਹ ਤੁਹਾਡਾ ਬੇਹੱਦ ਦਾ ਬਾਪ ਰਚਿਯਤਾ ਹੈ। ਪੁਕਾਰਦੇ ਹਨ ਤੁਸੀਂ ਮਾਤ - ਪਿਤਾ... ਤੁਹਾਡੇ ਅਸੀਂ ਬਣਦੇ ਹਾਂ ਤਾਂ ਅਸੀਂ ਸਵਰਗ ਦੇ ਮਾਲਿਕ ਬਣਦੇ ਹਾਂ ਫਿਰ ਤੁਹਾਨੂੰ ਭੁੱਲਣ ਨਾਲ ਨਰਕ ਦੇ ਮਾਲਿਕ ਬਣ ਜਾਂਦੇ ਹਾਂ। ਹੁਣ ਉਹ ਬਾਪ ਇਹਨਾਂ ਦਵਾਰਾ ਬੈਠ ਸਮਝਾਉਂਦੇ ਹਨ - ਮੈਂ ਰਚਿਯਤਾ ਹਾਂ, ਇਹ ਮੇਰੀ ਰਚਨਾ ਹੈ, ਜਿਸਦਾ ਰਾਜ਼ ਤੁਹਾਨੂੰ ਸਮਝਾਉਂਦਾ ਹਾਂ। ਇਹ ਵੀ ਸਮਝ ਜਾਂਦੇ ਹਨ। ਆਤਮਾ ਨੂੰ ਕਿਸੇ ਨੇ ਵੀ ਦੇਖਿਆ ਨਹੀਂ ਹੈ ਫਿਰ ਕਿਉਂ ਕਹਿੰਦੇ ਹਨ ਅਹਿਮ ਆਤਮਾ? ਇਹ ਤਾਂ ਸਮਝਦੇ ਹਨ ਨਾ - ਅਹਿਮ ਆਤਮਾ ਇੱਕ ਸ਼ਰੀਰ ਛੱਡ ਦੂਸਰਾ ਲੈਂਦੀ ਹਾਂ। ਮਹਾਨ ਆਤਮਾ, ਪੁੰਨ ਆਤਮਾ ਕਹਿੰਦੇ ਹਨ ਨਾ। ਨਿਸ਼ਚੇ ਕਰਦੇ ਹਨ - ਅਸੀਂ ਆਤਮਾ ਹਾਂ, ਇਹ ਸਾਡਾ ਸ਼ਰੀਰ ਹੈ। ਸ਼ਰੀਰ ਵਿਨਾਸ਼ੀ ਹੈ, ਆਤਮਾ ਅਵਿਨਾਸ਼ੀ ਹੈ। ਉਸ ਪਰਮਪਿਤਾ ਪਰਮਾਤਮਾ ਦੀ ਸੰਤਾਨ ਹੈ। ਕਿੰਨੀ ਸਹਿਜ ਗੱਲ ਹੈ। ਪਰ ਚੰਗੇ - ਚੰਗੇ ਬੁੱਧੀਵਾਨ ਸਮਝ ਨਹੀਂ ਸਕਦੇ। ਮਾਇਆ ਨੇ ਬੁੱਧੀ ਨੂੰ ਤਾਲਾ ਲਗਾ ਦਿੱਤਾ ਹੈ ਨਾ। ਤੁਹਾਨੂੰ ਆਪਣੀ ਆਤਮਾ ਦਾ ਹੀ ਸਾਖਸ਼ਾਤਕਾਰ ਹੁੰਦਾ ਹੈ। ਆਤਮਾ ਹੀ ਅਨੇਕ ਜਨਮ ਲੈਂਦੀ ਹੈ ਨਾ। ਹਰ ਜਨਮ ਵਿੱਚ ਬਾਪ ਬਦਲਦਾ ਜਾਂਦਾ ਹੈ। ਤੁਸੀਂ ਆਪਣੇ ਨੂੰ ਆਤਮਾ ਨਿਸ਼ਚੇ ਕਿਉਂ ਨਹੀ ਕਰਦੇ ਹੋ? ਕਹਿੰਦੇ ਹਨ ਆਤਮਾ ਦਾ ਸਾਕਸ਼ਾਤਕਾਰ ਹੋਵੇ। ਅਰੇ, ਇੰਨੇ ਜਨਮ ਕਿਸੇ ਨੂੰ ਬੋਲਿਆ ਸੀ ਕੀ ਆਤਮਾ ਦਾ ਸਾਕਸ਼ਾਤਕਾਰ ਹੋਵੇ? ਕਿਸੇ ਨਾ ਕਿਸੇ ਆਤਮਾ ਨੂੰ ਸਾਕਸ਼ਾਤਕਾਰ ਹੁੰਦਾ ਵੀ ਹੈ ਪਰ ਸਮਝ ਨਹੀਂ ਸਕਦੇ। ਬਾਪ ਨੂੰ ਤੁਸੀਂ ਜਾਣਦੇ ਹੋ । ਬੇਹੱਦ ਦੇ ਬਾਪ ਬਿਗਰ ਆਤਮਾਵਾਂ ਨੂੰ ਪਰਮਾਤਮਾ ਦਾ ਸਾਕਸ਼ਾਤਕਰ ਵੀ ਕੋਈ ਕਰਵਾ ਨਹੀਂ ਸਕਦਾ। ਕਹਿੰਦੇ ਹਨ - ਹੇ ਭਗਵਾਨ, ਤਾਂ ਬਾਪ ਹੋਇਆ ਨਾ। ਤੁਹਨੂੰ ਦੋ ਬਾਪ ਹਨ - ਇੱਕ ਤੇ ਹੈ ਵਿਨਾਸ਼ੀ ਸ਼ਰੀਰ ਨੂੰ ਜਨਮ ਦੇਣ ਵਾਲਾ ਵਿਨਾਸ਼ੀ ਬਾਪ, ਦੂਸਰਾ ਹੈ ਅਵਿਨਾਸ਼ੀ ਆਤਮਾਵਾਂ ਦਾ ਅਵਿਨਾਸ਼ੀ ਬਾਪ। ਤੁਸੀਂ ਗਾਉਂਦੇ ਹੋ- ਤੁਸੀਂ ਮਾਤ ਪਿਤਾ ... ਉਹਨਾਂ ਨੂੰ ਯਾਦ ਕਰਦੇ ਹੋ ਤਾਂ ਜਰੂਰ ਉਹ ਆਇਆ ਹੋਵੇਗਾ ਨਾ। ਜਗਤ ਅੰਬਾ ਅਤੇ ਜਗਤ ਪਿਤਾ ਬੈਠੇ ਹਨ, ਰਾਜਯੋਗ ਸਿੱਖ ਰਹੇ ਹਨ। ਬੈਕੁੰਠ ਵਿੱਚ ਲਕਸ਼ਮੀ - ਨਾਰਾਇਣ ਦਾ ਰਾਜ ਸੀ, ਉਹ ਵੀ ਭਾਰਤ ਵਿੱਚ ਹੀ ਸਨ ਨਾ। ਮਨੁੱਖ ਸਮਝਦੇ ਹਨ ਉੱਪਰ ਕਿੱਥੇ ਸਵਰਗ ਹੋਵੇਗਾ। ਅਰੇ, ਲਕਸ਼ਮੀ - ਨਾਰਾਇਣ ਦਾ ਇਹ ਯਾਦਗਾਰ ਹੈ, ਜਰੂਰ ਇੱਥੇ ਹੀ ਰਾਜ ਕੀਤਾ ਹੋਵੇਗਾ। ਇਹ ਦੇਲਵਾੜਾ ਮੰਦਿਰ ਤੁਹਾਡਾ ਹੁਣ ਦਾ ਯਾਦਗਾਰ ਬਣਿਆ ਹੋਇਆ ਹੈ। ਤੁਸੀਂ ਰਾਜਯੋਗੀ ਹੋ। ਅਧਰਕੁਮਾਰ, ਕੁਮਾਰ ਕੁਮਾਰੀਆਂ ਸਭ ਇੱਥੇ ਬੈਠੇ ਹੋ, ਉਹਨਾਂ ਦਾ ਯਾਦਗਾਰ ਫਿਰ ਭਗਤੀ ਮਾਰਗ ਵਿੱਚ ਬਣਦਾ ਹੈ। ਦੇਲਵਾੜਾ ਨਾਮ ਦਾ ਵੀ ਕੋਈ ਅਰਥ ਹੋਵੇਗਾ ਨਾ। ਦਿਲ ਲੈਣ ਵਾਲਾ ਕੌਣ ਹੈ? ਇਹ ਆਦਿ ਦੇਵ ਅਤੇ ਆਦਿ ਦੇਵੀ ਵੀ ਰਾਜਯੋਗ ਸਿੱਖ ਰਹੇ ਹਨ। ਇਹ ਵੀ ਯਾਦ ਕਰਨਗੇ ਉਸ ਨਿਰਾਕਾਰ ਪਰਮਪਿਤਾ ਪਰਮਾਤਮਾ ਨੂੰ। ਉਹ ਹੈ ਉੱਚ ਤੇ ਉੱਚ ਗਿਆਨ ਸਾਗਰ। ਇਸ ਆਦਿ ਦੇਵ ਦੇ ਸ਼ਰੀਰ ਵਿੱਚ ਬੈਠ ਸਾਰੇ ਬੱਚਿਆਂ ਨੂੰ ਸਮਝਾਉਂਦੇ ਹਨ। ਇਹ ਮੰਦਿਰ ਕਦੋਂ ਬਣਿਆ, ਕਿਉਂ ਬਣਿਆ, ਕਿੰਨਾ ਦਾ ਇਹ ਯਾਦਗਾਰ ਹੈ? ਕੁਝ ਵੀ ਜਾਣਦੇ ਨਹੀਂ। ਦੇਵੀਆਂ ਆਦਿ ਦੇ ਕਿੰਨੇ ਨਾਮ ਲੈਂਦੇ ਹਨ। ਕਾਲੀ ਦੁਰਗਾ, ਅੰਨਪੂਰਨਾ... ਹੁਣ ਸਾਰੇ ਵਿਸ਼ਵ ਦੀ ਅੰਨਪੂਰਨਾ ਕੌਣ ਹੋਵੇਗੀ? ਕਿਹੜੀ ਦੇਵੀ ਅੰਨ ਦੀ ਪੂਰਤੀ ਕਰਦੀ ਹੈ, ਤੁਸੀਂ ਜਾਣਦੇ ਹੋ? ਭਾਰਤ ਸਵਰਗ ਸੀ। ਉੱਥੇ ਤਾਂ ਅਥਾਹ ਵੈਭਵ ਰਹਿੰਦੇ ਹਨ ਜਦੋਂਕਿ ਹੁਣ ਹੀ 80 - 90 ਵਰ੍ਹੇ ਪਹਿਲੇ 10 -12 ਆਣੇ ਮਨ ਅਨਾਜ਼ ਮਿਲਦਾ ਸੀ ਤਾਂ ਉਸ ਤੋਂ ਪਹਿਲੇ ਕਿੰਨੇ ਸਸਤਾਈ ਹੋਵੇਗੀ। ਸਤਿਯੁਗ ਵਿੱਚ ਤਾਂ ਅਨਾਜ਼ ਬਹੁਤ ਸਸਤਾ ਚੰਗਾ ਹੁੰਦਾ ਹੈ। ਪਰ ਇਹ ਵੀ ਕੋਈ ਸਮਝਦੇ ਨਹੀਂ। ਬਾਪ ਆਕੇ ਤੁਸੀਂ ਆਤਮਾਵਾਂ

ਨੂੰ ਪੜ੍ਹਾਉਂਦੇ ਹਨ। ਆਤਮਾ ਇਹਨਾਂ ਕਰਮਇੰਦਰੀਆਂ ਨਾਲ ਸੁਣਦੀ ਹੈ। ਆਤਮਾ ਨੂੰ ਇਹ ਅੱਖਾਂ ਮਿਲਿਆ ਹਨ ਦੇਖਣ ਦੇ ਲਈ, ਕੰਨ ਮਿਲੇ ਹਨ ਸੁਣਨ ਦੇ ਲਈ। ਬਾਪ ਕਹਿੰਦੇ ਹਨ ਮੈਂ ਨਿਰਾਕਾਰ ਵੀ ਇਸ ਸ਼ਰੀਰ ਦਾ ਆਧਾਰ ਲੈਂਦਾ ਹਾਂ। ਮੈਨੂੰ ਸਦੈਵ ਸ਼ਿਵ ਹੀ ਕਹਿੰਦੇ ਹਨ। ਮਨੁੱਖਾਂ ਨੇ ਬਹੁਤ ਨਾਮ ਰੱਖੇ ਹਨ - ਰੁਦ੍ਰ, ਸ਼ਿਵ, ਸੋਮਨਾਥ... ਪਰ ਮੇਰਾ ਇੱਕ ਹੀ ਨਾਮ ਸ਼ਿਵ ਹੈ। ਸ਼ਿਵਾਏ ਨਮ:, ਭਗਤ ਭਗਵਾਨ ਨੂੰ ਯਾਦ ਕਰਦੇ ਆਏ ਹਨ। ਉਹਨਾਂ ਨੂੰ 2500 ਵਰ੍ਹੇ ਹੋਏ ਹਨ। ਭਗਤੀ ਮਾਰਗ ਵਿੱਚ ਪਹਿਲੇ ਅਵਿੱਭਚਾਰੀ ਭਗਤੀ ਸੀ। ਹੁਣ ਤਾਂ ਤੁਸੀਂ ਠੀਕਰ - ਭੀਤਰ ਵਿੱਚ ਪਾ ਦਿੱਤਾ ਹੈ। ਹੁਣ ਇਸ ਭਗਤੀ ਦਾ ਅੰਤ ਹੈ। ਸਭਨੂੰ ਵਾਪਿਸ ਲੈ ਜਾਣ ਮੈਂ ਆਇਆ ਹਾਂ। ਇਹ ਪੁਰਾਣੀ ਦੁਨੀਆਂ ਖ਼ਤਮ ਹੋਣੀ ਹੈ। ਬੰਬਸ ਬਣੇ ਹੋਏ ਹਨ ਤਾਂ ਕਿੰਨੇ ਸਭ ਖ਼ਲਾਸ ਹੋ ਜਾਣਗੇ। ਸਤਿਯੁਗ ਵਿੱਚ ਕਿੰਨੇ ਥੋੜੇ ਸਿਰਫ 9 ਲੱਖ ਹੋਣਗੇ। ਬਾਕੀ ਇੰਨੇ ਸਭ ਕਿੱਥੇ ਜਾਣਗੇ? ਇਹ ਲੜਾਈ ਅਰਥਕਵੇਕ ਆਦਿ ਹੋਵੇਗੀ। ਵਿਨਾਸ਼ ਤੇ ਜਰੂਰ ਹੋਣਾ ਹੈ।

ਇਹ ਹੈ ਪ੍ਰਜਾਪਿਤਾ, ਕਿੰਨੇ ਬ੍ਰਹਮਾਕੁਮਾਰ - ਕੁਮਾਰੀਆਂ ਹਨ। ਬ੍ਰਹਮਾ ਦਾ ਬਾਪ ਕੌਣ ਹੈ? ਨਿਰਾਕਾਰ ਸ਼ਿਵ। ਅਸੀਂ ਉਹਨਾਂ ਦੇ ਪੋਤਰੇ - ਪੋਤਰੀਆਂ ਹਾਂ। ਸ਼ਿਵਬਾਬਾ ਕੋਲੋਂ ਅਸੀਂ ਵਰਸਾ ਲੈਂਦੇ ਹਾਂ। ਤਾਂ ਉਹਨਾਂ ਨੂੰ ਹੀ ਯਾਦ ਕਰਨਾ ਹੈ। ਯਾਦ ਨਾਲ ਹੀ ਪਾਪਾਂ ਦਾ ਬੋਝ ਉਤਰੇਗਾ। ਤੁਸੀਂ ਜਾਣਦੇ ਹੋ ਇਹ ਹੈ ਹੀ ਵਿਸ਼ਸ਼, ਪਤਿਤ ਦੁਨੀਆਂ। ਸਤਿਯੁਗ ਹੈ ਵਾਈਸਲੈਸ ਦੁਨੀਆਂ। ਉੱਥੇ ਵਿਸ਼ (ਵਿਕਾਰ) ਹੁੰਦਾ ਨਹੀਂ। ਕਾਇਦੇ ਅਨੁਸਾਰ ਇੱਕ ਹੀ ਬੱਚਾ ਹੁੰਦਾ ਹੈ। ਕਦੀ ਅਕਾਲੇ ਮ੍ਰਿਤੂ ਨਹੀਂ ਹੁੰਦੀ ਹੈ। ਹੈ ਹੀ ਸੁਖਧਾਮ। ਇੱਥੇ ਤਾਂ ਕਿੰਨਾ ਦੁੱਖ ਹੈ। ਪਰ ਇਹ ਗੱਲਾਂ ਕੋਈ ਵੀ ਜਾਣਦੇ ਨਹੀਂ। ਗੀਤਾ ਸੁਣਾਉਂਦੇ ਹਨ, ਸ਼੍ਰੀਮਤ ਭਗਵਤ ਗੀਤਾ, ਭਗਵਾਨੁਵਾਚ। ਅੱਛਾ, ਭਗਵਾਨ ਕੌਣ ਹੈ? ਕਹਿ ਦਿੰਦੇ ਸ਼੍ਰੀਕ੍ਰਿਸ਼ਨ। ਅਰੇ, ਉਹ ਤਾਂ ਛੋਟਾ ਬੱਚਾ ਹੈ, ਉਹ ਕਿਵੇਂ ਰਾਜਯੋਗ ਸਿਖਾਵੇਗਾ? ਉਸ ਸਮੇਂ ਪਤਿਤ ਦੁਨੀਆਂ ਥੋੜੀ ਹੀ ਹੈ। ਸਦਗਤੀ ਦੇ ਲਈ ਰਾਜਯੋਗ ਸਿਖਾਉਣ ਵਾਲਾ ਤਾਂ ਇੱਥੇ ਚਾਹੀਦਾ ਹੈ। ਗੀਤਾ ਵਿੱਚ ਲਿਖਿਆ ਹੋਇਆ ਵੀ ਹੈ ਰੁਦ੍ਰ ਗੀਤਾ ਗਿਆਨ ਯੱਗ। ਸ਼੍ਰੀਕ੍ਰਿਸ਼ਨ ਗੀਤਾ ਗਿਆਨ ਯੱਗ ਤਾਂ ਹੈ ਨਹੀਂ। ਇਹ ਗਿਆਨ ਯੱਗ ਕਿੰਨੇ ਵਰ੍ਹੇ ਤੋਂ ਚਲਦਾ ਆ ਰਿਹਾ ਹੈ, ਇਹਨਾਂ ਦੀ ਸਮਾਪਤੀ ਕਦੋਂ ਹੋਵੇਗੀ? ਜਦੋਂ ਸਾਰੀ ਸ੍ਰਿਸ਼ਟੀ ਇਸ ਵਿੱਚ ਸਵਾਹਾ ਹੋਵੇਗੀ। ਯੱਗ ਜਦੋਂ ਸਮਾਪਤ ਹੁੰਦਾ ਹੈ ਤਾਂ ਉਸ ਵਿੱਚ ਸਭ ਕੁਝ ਸਵਾਹਾ ਕਰਦੇ ਹਨ ਨਾ। ਇਹ ਯੱਗ ਵੀ ਅੰਤ ਤੱਕ ਚਲਦਾ ਰਹੇਗਾ। ਇਹ ਪੁਰਾਣੀ ਦੁਨੀਆਂ ਖ਼ਤਮ ਹੋਣ ਵਾਲੀ ਹੈ। ਬਾਪ ਕਹਿੰਦੇ ਹਨ ਮੈਂ ਕਾਲਾ ਦਾ ਕਾਲ ਹਾਂ, ਸਭਨੂੰ ਲੈਣ ਲਈ ਆਇਆ ਹਾਂ। ਤੁਹਾਨੂੰ ਪੜ੍ਹਾ ਰਿਹਾ ਹਾਂ ਕਿ ਤੁਸੀਂ ਸਵਰਗ ਦੇ ਮਾਲਿਕ ਬਣੋ। ਤੁਸੀਂ ਜਾਣਦੇ ਹੋ ਇਸ ਸਮੇਂ ਸਭ ਮਨੁੱਖ ਮਾਤਰ ਹਨ ਸਦਾ ਦੁਰਭਾਗਸ਼ਾਲੀ, ਸਤਿਯੁਗ ਵਿੱਚ ਸਨ ਸਦਾ ਸੋਭਾਗਸ਼ਾਲੀ - ਇਹ ਫ਼ਰਕ ਸਭਨੂੰ ਸਮਝਾਉਣਾ ਹੈ। ਇੱਥੇ ਆਉਂਦੇ ਹਨ ਤਾਂ ਚੰਗੀ ਤਰ੍ਹਾਂ ਸਮਝਦੇ ਹਨ ਫਿਰ ਘਰ ਜਾਂਦੇ ਹਨ ਤਾਂ ਸਭ ਖ਼ਲਾਸ ਹੋ ਜਾਂਦਾ। ਜਿਵੇਂ ਗਰਭ ਜੇਲ੍ਹ ਵਿੱਚ ਅੰਨਜਾਮ (ਵਾਇਦਾ) ਕਰ ਆਉਂਦੇ ਹਨ - ਅਸੀਂ ਪਾਪ ਨਹੀਂ ਕਰਾਂਗੇ। ਬਾਹਰ ਨਿਕਲਦੇ ਹਨ ਤਾਂ ਫਿਰ ਪਾਪ ਕਰਨ ਲਗ ਜਾਂਦੇ ਹਨ। ਜੇਲ੍ਹ ਬਰਡ ਹੁੰਦੇ ਹਨ ਨਾ। ਇਸ ਸਮੇਂ ਜੋ ਵੀ ਮਨੁੱਖ ਮਾਤਰ ਹਨ ਸਭ ਜੇਲ੍ਹ ਬਰਡ ਹਨ। ਘੜੀ - ਘੜੀ ਗਰਭਜੇਲ੍ਹ ਵਿੱਚ ਜਾਕੇ ਸਜਾਵਾਂ ਖਾਂਦੇ ਰਹਿੰਦੇ ਹਨ। ਬਾਪ ਕਹਿੰਦੇ ਹਨ - ਹੁਣ ਤੁਹਾਨੂੰ ਗਰਭ ਜੇਲ੍ਹ ਬਰਡ ਬਣਨ ਤੋਂ ਛੁਡਾਉਂਦੇ ਹਨ। ਸਤਿਯੁਗ ਵਿੱਚ ਗਰਭ ਜੇਲ੍ਹ ਨਹੀਂ ਕਹਾਂਗੇ। ਤੁਹਾਨੂੰ ਇਹਨਾਂ ਸਜਾਵਾਂ ਤੋਂ ਬਚਾਉਣ ਆਇਆ ਹਾਂ। ਹੁਣ ਮੈਨੂੰ ਯਾਦ ਕਰੋ, ਕੋਈ ਵੀ ਪਾਪ ਨਹੀਂ ਕਰੋ, ਨਸ਼ਟੋਮੋਹਾ ਬਣੋ। ਗਾਉਂਦੇ ਹਨ ਮੇਰਾ ਤਾਂ ਇੱਕ ਦੂਸਰਾ ਨਾ ਕੋਈ... ਇਹ ਕੋਈ ਸ਼੍ਰੀਕ੍ਰਿਸ਼ਨ ਦੀ ਗੱਲ ਨਹੀਂ ਹੈ। ਸ਼੍ਰੀਕ੍ਰਿਸ਼ਨ ਤਾਂ 84 ਜਨਮ ਲੈ ਹੁਣ ਆਕੇ ਬ੍ਰਹਮਾ ਬਣਿਆ ਹੈ ਫਿਰ ਉਹ ਹੀ ਸ਼੍ਰੀਕ੍ਰਿਸ਼ਨ ਬਣਨਾ ਹੈ, ਇਸਲਈ ਇਸ ਸ਼ਰੀਰ ਵਿੱਚ ਹੀ ਪਵਰੇਸ਼ ਕੀਤਾ ਹੈ। ਇਹ ਬਣਿਆ ਬਣਾਇਆ ਡਰਾਮਾ ਹੈ। ਹੁਣ ਭਗਵਾਨ ਇਹ ਸੂਰਜਵੰਸ਼ੀ, ਚੰਦਰਵੰਸ਼ੀ ਰਾਜਧਾਨੀ ਸਥਾਪਨ ਕਰ ਰਹੇ ਹਨ। ਤੁਹਾਡੀ ਭਵਿੱਖ ਦੇ ਲਈ ਪ੍ਰਾਲਬੱਧ ਬਣਾਉਂਦੇ ਹਨ। ਹੁਣ ਤੁਸੀਂ ਪੁਰਸ਼ਾਰਥ ਕਰ ਅਨੇਕ ਜਨਮਾਂ ਦੀ ਪ੍ਰਲਬੱਧ ਬਣਾ ਰਹੇ ਹੋ ਬੇਹੱਦ ਦੇ ਬਾਪ ਦਵਾਰਾ, ਜੋ ਬਾਪ ਸਵਰਗ ਦਾ ਰਚਿਯਤਾ ਹੈ। ਇਹ ਗੱਲਾਂ ਸਮਝਣ ਦੀਆਂ ਹਨ। ਡਰਾਮੇ ਵਿੱਚ ਹਰ ਇੱਕ ਐਕਟਰ ਦਾ ਆਪਣਾ - ਆਪਣਾ ਪਾਰ੍ਹ ਹੈ। ਇਸ ਵਿੱਚ ਅਸੀਂ ਕਿਉਂ ਰੋਈਏ ਪਿਟੀਏ? ਅਸੀਂ ਜਿਉਂਦੇ ਜੀ ਉਸ ਇੱਕ ਬਾਪ ਨੂੰ ਯਾਦ ਕਰਦੇ ਹਾਂ। ਇਸ ਸ਼ਰੀਰ ਦੀ ਵੀ ਸਾਨੂੰ ਪ੍ਰਵਾਹ ਨਹੀਂ ਹੈ। ਇਹ ਪੁਰਾਣਾ ਸ਼ਰੀਰ ਛੁੱਟੇ ਅਤੇ ਅਸੀਂ ਬਾਬਾ ਦੇ ਕੋਲ ਜਾਈਏ। ਇਸ ਸਮੇਂ ਤੁਸੀਂ ਭਾਰਤ ਦੀ ਕਿੰਨੀ ਸੇਵਾ ਕਰਦੇ ਹੋ। ਤੁਹਾਡੇ ਹੀ ਨਾਮ ਗਾਏ ਹੋਏ ਹਨ - ਅੰਨਪੂਰਨਾ, ਦੁਰਗਾ, ਕਾਲੀ ਆਦਿ - ਆਦਿ। ਬਾਕੀ ਕਾਲੀ ਕੋਈ ਇਵੇਂ ਦੀ ਭਿਆਨਕ ਸ਼ਕਲ ਵਾਲੀ ਜਾਂ ਗਨੇਸ਼ ਸੁੰਢ ਵਾਲਾ ਥੋੜੀਹੀ ਹੁੰਦਾ ਹੈ। ਮਨੁੱਖ ਤਾਂ ਮਨੁੱਖ ਹੀ ਹੁੰਦੇ ਹਨ। ਹੁਣ ਬਾਪ ਸਮਝਾਉਂਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਇਹਨਾਂ ਲਕਸ਼ਮੀ - ਨਾਰਾਇਣ ਵਰਗਾ ਬਣਾ ਰਹਿਆ ਹਾਂ। ਤੁਸੀਂ ਨਿਸ਼ਚੇ ਕਰੋ ਅਸੀਂ ਬਾਬਾ ਕੋਲੋਂ ਸਵਰਗ ਦਾ ਵਰਸਾ ਲੈ ਰਹੇ ਹਾਂ ਫਿਰ ਭਵਿੱਖ ਵਿੱਚ ਜਾਕੇ ਪ੍ਰਿੰਸ - ਪ੍ਰਿੰਸੇਸ ਬਣਾਂਗੇ। ਬਾਪ ਜੋ ਸਵਰਗ ਦਾ ਰਚਿਯਤਾ ਹੈ, ਉਹਨਾਂ ਨੂੰ ਕੋਈ ਵੀ ਨਹੀਂ ਜਾਣਦੇ। ਜਗਦੰਬਾ ਨੂੰ ਵੀ ਭੁੱਲ ਗਏ ਹਨ। ਜਿਸਦਾ ਮੰਦਿਰ ਬਣਿਆ ਹੋਇਆ ਹੈ - ਹੁਣ ਉਹ ਚੇਤੰਨ ਵਿੱਚ ਬੈਠੇ ਹਨ। ਕਲਿਯੁਗ ਦੇ ਬਾਅਦ ਫਿਰ ਸਤਿਯੁਗ ਹੋਣਾ ਹੈ। ਵਿਨਾਸ਼ ਦੇ ਲਈ ਮਨੁੱਖ ਪੁੱਛਦੇ ਹਨ। ਅਰੇ, ਪਹਿਲੇ ਤੁਸੀਂ ਪੜ੍ਹਕੇ ਹੁਸ਼ਿਆਰ ਤਾਂ ਹੋ ਜਾਓ। ਮਹਾਭਾਰਤ ਲੜ੍ਹਾਈ ਤਾਂ ਬਰੋਬਰ ਹੋਈ ਸੀ, ਜਿਸਦੇ ਬਾਅਦ ਹੀ ਸਵਰਗ ਦੇ ਦਵਾਰ ਖੁਲ੍ਹੇ ਸਨ। ਤਾਂ ਇਹਨਾਂ ਮਾਤਾਵਾਂ ਦਵਾਰਾ ਸਵਰਗ ਦੇ ਦਵਾਰ ਖੁਲ ਰਹੇ ਹਨ। ਵੰਦੇ ਮਾਤਰਮ ਗਾਉਂਦੇ ਹਨ ਨਾ। ਪਾਵਨ ਦੀ ਹੀ ਵੰਦਨਾ ਕੀਤੀ ਜਾਂਦੀ ਹੈ। ਮਾਤਾਵਾਂ ਦੋ ਕਿਸਮ ਦੀਆਂ ਹੁੰਦੀਆਂ ਹਨ - ਇੱਕ ਹਨ ਜਿਸਮਾਨੀ ਸੋਸ਼ਲ ਵਰਕਰ, ਦੂਸਰਿਆਂ ਹਨ ਰੂਹਾਨੀ ਸ਼ੋਸ਼ਲ ਵਰਕਰ। ਤੁਹਾਡੀ ਹੈ ਇਹ ਰੂਹਾਨੀ ਯਾਤਰਾ। ਤੁਸੀਂ ਜਾਣਦੇ ਹੋ ਅਸੀਂ ਇਹ ਸ਼ਰੀਰ ਅਸੀਂ ਛੱਡ ਵਾਪਿਸ ਜਾਣ ਵਾਲੇ ਹਾਂ। ਭਗਵਾਨੁਵਾਚ - ਮਨਮਨਾਭਵ। ਮੈਨੂੰ ਆਪਣੇ ਬਾਪ ਨੂੰ ਯਾਦ ਕਰੋ। ਸ਼੍ਰੀਕ੍ਰਿਸ਼ਨ ਬੱਚਾ ਤਾਂ ਇਵੇਂ ਨਹੀਂ ਕਹਾਂਗੇ ਨਾ। ਉਹਨਾਂ ਨੂੰ ਤੇ ਆਪਣਾ ਬਾਪ ਹੈ। ਮਨਮਨਾਭਵ ਦਾ ਅਰਥ ਕੋਈ ਵੀ ਨਹੀਂ ਜਾਣਦੇ। ਇਹ ਤਾਂ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ ਅਤੇ ਉੱਡਣ ਦੇ ਪੰਖ ਮਿਲ ਜਾਣਗੇ। ਹੁਣ ਤੁਸੀਂ ਪੱਥਰ ਬੁੱਧੀ ਤੋਂ ਪਾਰਸਬੁੱਧੀ ਬਣਦੇ ਹੋ ਰਚਤਾ ਬਾਪ ਤੇ ਸਭਦਾ ਇੱਕ ਹੀ ਹੈ। ਆਦਿ ਦੇਵ ਅਤੇ ਆਦਿ ਦੇਵੀ ਦੇ ਮੰਦਿਰ ਵੀ ਹਨ। ਤੁਸੀਂ ਉਨ੍ਹਾਂ ਦੇ ਬੱਚੇ ਇੱਥੇ ਰਾਜਯੋਗ ਸਿੱਖ ਰਹੇ ਹੀ। ਇੱਥੇ ਹੀ

ਤੁਸੀਂ ਤਪੱਸਿਆ ਕੀਤੀ ਸੀ, ਤੁਹਾਡੇ ਯਾਦਗਾਰ ਸਾਹਮਣੇ ਖੜ੍ਹਾ ਹੈ। ਲਕਸ਼ਮੀ - ਨਾਰਾਇਣ ਆਦਿ ਨੂੰ ਰਾਜਾਈ ਕਿਵੇਂ ਮਿਲੀ, ਉਨ੍ਹਾਂ ਦਾ ਇਹ ਮੰਦਿਰ ਹੈ। ਤੁਸੀਂ ਹੋ ਰਾਜਰਿਸ਼ੀ। ਰਾਜਾਈ ਪ੍ਰਾਪਤ ਕਰਨ ਅਤੇ ਭਾਰਤ ਦਾ ਫਿਰ ਤੋਂ ਰਾਜ - ਭਾਗ ਪਾਉਣ ਦੇ ਲਈ ਤੁਸੀਂ ਪੁਰਸ਼ਾਰਥ ਕਰ ਰਹੇ ਹੋ। ਤੁਸੀਂ ਭਾਰਤ ਵਿੱਚ ਸਵਰਗ ਦੀ ਰਾਜਾਈ ਸਥਾਪਨ ਕਰਦੇ ਹੋ, ਆਪਣੇ ਤਨ -ਮਨ - ਧਨ ਨਾਲ ਸੇਵਾ ਕਰਕੇ। ਬਾਪ ਦੀ ਸ਼੍ਰੀਮਤ ਦਵਾਰਾ ਤੁਸੀਂ ਪਤਿਤ ਰਾਵਣ ਰਾਜ ਤੋਂ ਸਭਨੂੰ ਲਿਬ੍ਰੇਟ ਕਰਦੇ ਹੋ। ਬਾਪ ਹੈ ਲਿਬ੍ਰੇਟਰ, ਦੁੱਖ ਹਰਤਾ, ਸੁਖ ਕਰਤਾ। ਤੁਹਾਡੇ ਦੁੱਖ ਹਰਨ ਦੇ ਲਈ ਪੁਰਾਣੀ ਦੁਨੀਆਂ ਦਾ ਵਿਨਾਸ਼ ਕਰਾਉਂਦੇ ਹਨ। ਤੁਹਾਨੂੰ ਦੁਸ਼ਮਣ ਤੇ ਵਿਜੇ ਪਹਿਨਾਉਂਦੇ ਹਨ, ਤਾਂ ਤੁਸੀਂ ਮਾਇਆਜਿੱਤ - ਜਗਤਜਿੱਤ ਬਣੋਗੇ। ਤੁਸੀਂ ਕਲਪ - ਕਲਪ ਰਾਜ ਲੈਂਦੇ ਹੋ ਅਤੇ ਫਿਰ ਗਵਾਉਂਦੇ ਹੋ। ਇਹ ਹੈ ਰੁਦ੍ਰ ਸ਼ਿਵ ਗਿਆਨ ਯੱਗ, ਜਿਸਨਾਲ ਇਹ ਵਿਨਾਸ਼ ਜਵਾਲਾ ਨਿਕਲੀ ਹੈ। ਇਹ ਸਭ ਵਿਨਾਸ਼ ਹੋ ਜਾਣਗੇ ਅਤੇ ਤੁਸੀਂ ਸਦਾ ਸੁਖੀ ਬਣ ਜਾਓਗੇ। ਦੁੱਖ ਸ਼ੁਰੂ ਹੁੰਦਾ ਹੈ ਦਵਾਪਰ ਤੋਂ। ਬਾਪ ਕਹਿੰਦੇ ਹਨ - ਮੈਂ ਆਕੇ ਨਰਕਵਾਸੀਆ ਨੂੰ ਸਵਰਗਵਾਸੀ ਬਣਾਉਂਦਾ ਹਾਂ। ਕਲਿਯੁਗ ਹੈ ਵੇਸ਼ਾਲਯ, ਸਤਿਯੁਗ ਹੈ ਸ਼ਿਵਾਲਾ। ਤੁਸੀਂ ਬੇਹੱਦ ਦੇ ਬਾਪ ਕੋਲੋਂ ਸਵਰਗ ਦੇ ਮਾਲਿਕ ਬਣਦੇ ਹੋ ਤਾਂ ਇਹ ਖੁਸ਼ੀ ਦਾ ਪਾਰਾ ਚੜਣਾ ਚਾਹੀਦਾ ਹੈ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਜਿਉਂਦੇ ਜੀ ਬਾਪ ਨੂੰ ਯਾਦ ਕਰ ਵਰਸੇ ਦਾ ਅਧਿਕਾਰ ਲੈਣਾ ਹੈ, ਕਿਸੇ ਵੀ ਗੱਲ ਦੀ ਪ੍ਰਵਾਹ ਨਹੀਂ ਕਰਨੀ ਹੈ।

2. ਸ਼੍ਰੀਮਤ ਤੇ ਆਪਣੇ ਤਨ -ਮਨ -ਧਨ ਨਾਲ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਕਰਨੀ ਹੈ ਅਤੇ ਸਭਨੂੰ ਰਾਵਣ ਤੋਂ ਲਿਬ੍ਰੇਟ ਹੋਣ ਦੀ ਯੁਕਤੀ ਦੱਸਣੀ ਹੈ।

ਵਰਦਾਨ:- ਯੋਗ ਜਵਾਲਾ ਦਵਾਰਾ ਵਿਸ਼ਵ ਦੇ ਕਿਚੜੇ ਨੂੰ ਭਸਮ ਕਰਨ ਵਾਲੇ ਵਿਸ਼ਵ ਪਰਿਵਰਤਕ ਭਵ।
ਯੋਗ ਜਵਾਲਾ ਮਤਲਬ ਸ੍ਰੇਸ਼ਠ ਸੰਕਲਪਾਂ ਸੀ ਸ਼ਕਤੀ ਅਤੇ ਲਗਨ ਦੀ ਅਗਨੀ ਦਵਾਰਾ ਹੀ ਅਪਵਿਤ੍ਰਤਾ ਰੂਪੀ ਕਿਚੜੇ ਨੂੰ ਭਸਮ ਕਰ ਸਕਦੇ ਹੋ। ਜਿਵੇਂ ਦੇਵੀਆਂ ਦੇ ਯਾਦਗਰ ਵਿੱਚ ਵਿਖਾਉਂਦੇ ਹਨ ਕਿ ਜਵਾਲਾ ਨਾਲ ਆਸੁਰੀ ਸ਼ਕਤੀਆਂ ਨੂੰ ਖਤਮ ਕਰ ਦਿੱਤਾ। ਇਹ ਯਾਦਗਰ ਹੁਣ ਦਾ ਹੈ। ਤਾਂ ਪਹਿਲੇ ਜਵਾਲਾ ਰੂਪ ਬਣ ਆਸੁਰੀ ਸੰਸਕਾਰ, ਸੁਭਾਅ ਸਭ ਕੁਝ ਭਸਮ ਕਰ ਸੰਪੂਰਨ ਪਾਵਨ ਬਣੋ ਤਾਂ ਯੋਗ ਅਤੇ ਪਵਿਤ੍ਰਤਾ ਦੀ ਜਵਾਲਾ ਨਾਲ ਵਿਸ਼ਵ ਦੇ ਕਿਚੜੇ ਨੂੰ ਭਸਮ ਕਰ ਵਿਸ਼ਵ ਪਰਿਵਰਤਨ ਦੇ ਨਿਮਿਤ ਬਣੋਗੇ।

ਸਲੋਗਨ:- ਆਗਿਆਕਾਰੀ ਉਹ ਹਨ ਜੋ ਮਨਮਤ, ਪਰਮਤ ਤੋਂ ਮੁਕਤ ਰਹਿ ਸਦਾ ਸ਼੍ਰੀਮਤ ਤੇ ਚਲਦਾ ਹੈ।

******